HFW-HLH2026D/42/2024-3H2 I/860364/2024

**ਪੰਜਾਬ ਸਰਕਾਰ**
**ਸਿਹਤ ਤੇ ਪਰਿਵਾਰ ਭਲਾਈ ਵਿਭਾਗ**
**(ਸਿਹਤ-2 ਸ਼ਾਖਾ)**

ਸੇਵਾ ਵਿਖੇ,

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ,
ਪੰਜਾਬ, ਚੰਡੀਗੜ੍ਹ।
ਮੀਮੋ ਨੰ: HFW-HLH2026D/42/2024-3H2
ਮਿਤੀ, ਚੰਡੀਗੜ੍ਹ: 12.06.2024

ਵਿਸ਼ਾ: ਫੈਲੋਸ਼ਿਪ ਕਰਨ ਲਈ ਇਮਤਿਹਾਨ ਦੇਣ ਅਤੇ ਕੌਂਸਲਿੰਗ ਅਟੈਂਡ ਕਰਨ ਲਈ ਪ੍ਰੋਵੀਜ਼ਨਲ ਐਨ.ਓ.ਸੀ ਜਾਰੀ ਕਰਨ ਸਬੰਧੀ- ਡਾ. ਸੰਦੀਪ ਭਗਤ, ਮੈਰਿਟ ਨੰ:419/ਐਸ.ਸੀ.(ਐਰ. ਐਂਡ ਓ)/2011, ਮੈਡੀਕਲ ਅਫ਼ਸਰ (ਐਨਸਥੀਸਿਆ), ਸਿਵਲ ਹਸਪਤਾਲ, ਜਲੰਧਰ ।

****

ਉਪਰੋਕਤ ਵਿਸ਼ੇ ਤੇ ਆਪ ਦੇ ਪੱ: ਨੰ:419(ਐਸ.ਸੀ.ਐਂਡਓ)/2011 ਈ2(2)ਪੰ:-24/2892, ਮਿਤੀ 05.06.2024 ਦੇ ਹਵਾਲੇ ਵਿਚ।

2 ਵਿਸ਼ਾ ਅੰਕਿਤ ਮਾਮਲੇ ਸਬੰਧੀ ਆਪ ਵੱਲੋਂ ਭੇਜੇ ਗਏ ਹੇਠ ਲਿਖੇ ਮੈਡੀਕਲ ਅਫਸਰ ਦੇ ਵੇਰਵੇ/ਤਜਵੀਜ/ਸਿਫਾਰਸ਼ਾ ਨੂੰ ਸਰਕਾਰ ਦੀਆਂ ਹਦਾਇਤਾਂ ਮਿਤੀ 03.01.2022 ਅਤੇ ਮਿਤੀ 27.06.2023 ਤਹਿਤ ਵਿਚਾਰਨ ਉਪਰੰਤ ਡਾਕਟਰ ਦੇ ਨਾਮ ਸਾਹਮਣੇ ਦਰਸਾਏ ਵੇਰਵਿਆਂ ਅਨੁਸਾਰ ਫੈਲੋਸ਼ਿਪ ਕੋਰਸ ਕਰਨ ਲਈ ਪ੍ਰੋਵੀਜਨਲ ਐਨ.ਓ.ਸੀ. ਜਾਰੀ ਕੀਤਾ ਜਾਂਦਾ ਹੈ:-

| ਡਾਕਟਰ ਦਾ ਨਾਮ , ਸੇਵਾ ਨੰਬਰ ਅਤੇ ਪੋਸਟਿੰਗ ਦਾ ਸਥਾਨ | ਜਨਮ ਮਿਤੀ / ਸੇਵਾ ਸ਼ੁਰੂ ਕਰਨ ਦੀ ਮਿਤੀ / ਰਿਟਾਇਰਮੈਂਟ ਦੀ ਮਿਤੀ | ਪਰਖ ਕਾਲ ਸਮਾਂ ਪਾਰ ਹੈ ਜਾਂ ਨਹੀਂ | ਸ਼ਿਕਾਇਤ / ਪੜਤਾਲ ਲੰਬਿਤ ਹੈ ਜਾਂ ਨਹੀਂ | ਸੇਵਾ | ਡਾਕਟਰ ਵੱਲੋ ਕੋਰਸ ਕਿਸ ਸੰਸਥਾ ਅਤੇ ਕਿਨੇ ਸਮੇ ਦਾ ਕੋਰਸ ਕੀਤਾ ਜਾਣਾ ਹੈ |
|---|---|---|---|---|---|
| ਡਾ. ਸੰਦੀਪ ਭਗਤ , ਮੈਰਿਟ ਨੰ :419/ਐਸ.ਸੀ.(ਐਰ. ਐਂਡ ਓ )/2011. ਮੈਡੀਕਲ ਅਫ਼ਸਰ (ਐਨਸਥੀਸਿਆ), ਸਿਵਲ ਹਸਪਤਾਲ, ਜਲੰਧਰ | 05.06.1982<br>01.11.2012<br>30.06.2040 | ਹਾਂ ਜੀ | ਨਹੀਂ ਜੀ | 02 ਸਾਲ ਤੋਂ ਵੱਧ ਹੈ। | ਸਪਾਂਸਰਡ ਕੋਟੇ ਅਧੀਨ AIIMS, BATHINDA ਤੋਂ Post Doctoral Fellowship in Critical Care |

3. ਸਰਕਾਰ ਦੀਆ ਹਦਾਇਤਾਂ ਮਿਤੀ 03.01.2022 ਅਤੇ ਮਿਤੀ 27.06.2023 ਵਿੱਚ ਹੇਠ ਅਨੁਸਾਰ ਉਪਬੰਧ ਕੀਤਾ ਗਿਆ ਹੈ:-
ਪੰਜਾਬ ਰਾਜ ਦੇ ਸਰਕਾਰੀ ਅਦਾਰਿਆਂ ਤੋ ਇਲਾਵਾ ਸਾਰੇ AIIMS (All India Institute of Medical Sciences within India), ਸਾਰੇ PGI (within India) ਅਤੇ Autonomous bodies Health/Medical Institutions under Government of Punjab:-

ੳ) ਫੈਲੋਸ਼ਿਪ ਕੋਰਸ ਕਰਨ ਲਈ ਹੇਠ ਲਿਖੇ ਅਨੁਸਾਰ ਬਾਂਡ ਭਰਨਾ ਪਵੇਗਾ:-
01 ਸਾਲ ਦਾ ਕੋਰਸ ਜਾਂ ਇਸ ਤੋ ਘੱਟ- 03 ਲੱਖ ਦਾ ਬਾਂਡ (02 ਸਾਲ ਲਈ)
01 ਸਾਲ ਤੋ ਵੱਧ ਅਤੇ 02 ਸਾਲ ਤੱਕ ਦਾ ਕੋਰਸ - 05 ਲੱਖ ਦਾ ਬਾਂਡ (03 ਸਾਲ ਲਈ)
ਸਬੰਧਤ ਡਾਇਰੈਕਟਰ ਬਾਂਡ ਭਰਵਾਉਣ ਉਪਰੰਤ ਡਾਕਟਰ ਨੂੰ ਰਲੀਵ ਕਰਨਗੇ ਅਤੇ ਲੋੜੀਂਦੇ ਇੰਦਰਾਜ ਸੇਵਾ ਪੱਤਰੀ ਵਿੱਚ ਕੀਤੇ ਜਾਣਗੇ ।

ਅ) ਫੈਲੋਸ਼ਿਪ ਕੋਰਸ ਕਰਨ ਲਈ ਘੱਟੋ-ਘੱਟ 02 ਸਾਲ ਦੀ ਸੇਵਾ ਜਰੂਰੀ ਹੋਵੇਗੀ।

ੲ) ਡਾਕਟਰ ਦਾ ਪਰਖਕਾਲ ਸਮਾਂ ਪਾਰ ਹੋਵੇ।

ਸ) ਜੇਕਰ ਡਾਕਟਰ ਵੱਲੋ ਫੈਲੋਸਿਪ ਕੋਰਸ ਵਿਚਕਾਰ ਹੀ ਛੱਡ ਦਿੱਤਾ ਜਾਂਦਾ ਹੈ ਤਾਂ ਉਹ ਫੈਲੋਸਿਪ ਕੋਰਸ ਕਰਨ ਲਈ ਅਗਲੇ 05 ਸਾਲ ਲਈ ਡੀਬਾਰ ਹੋ ਜਾਵੇਗਾ।

ਹ) ਡਾਕਟਰ ਵਿਰੁੱਧ ਕੋਈ ਦੋਸ਼ ਸੂਚੀ/ਪੜਤਾਲ ਲੰਬਤ ਨਾ ਹੋਵੇ।

ਕ) ਸਰਕਾਰੀ ਖਰਚੇ ਤੇ ਫੈਲੋਸਿਪ ਕੋਰਸ ਕਰਨ ਦਾ ਸਮਾਂ on duty treat ਕੀਤਾ ਜਾਵੇਗਾ।

4. ਜੇਕਰ ਡਾਕਟਰ ਦੀ ਸਲੈਕਸ਼ਨ ਹੋ ਜਾਂਦੀ ਹੈ ਤਾਂ ਉਹ ਫੈਲੋਸ਼ਿਪ ਜੁਆਇੰਨ ਕਰਨ ਤੋਂ ਪਹਿਲਾਂ ਸਰਕਾਰ ਤੋਂ ਫਾਰਮਲ ਐਨ.ਓ.ਸੀ. ਲੈਕੇ ਜਾਵੇਗਾ । ਜੇਕਰ ਬਾਅਦ ਵਿੱਚ ਪ੍ਰਤੀਕੂਲ ਤੱਥ ਸਰਕਾਰ ਦੇ ਧਿਆਨ ਵਿੱਚ ਆਉਂਦਾ ਹੈ ਜਾਂ ਕਿਸੇ ਵੱਲੋਂ ਸਰਕਾਰ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਤਾਂ ਡਾਕਟਰ ਨੂੰ ਜਾਰੀ ਕੀਤਾ ਇਹ ਐਨ.ਓ.ਸੀ. ਰੱਦ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਰਹੇਗਾ।

ਸੁਪਰਡੰਟ

ਨੰ: HFW-HLH2026D/42/2024-3H2/ ਮਿਤੀ: ਚੰਡੀਗੜ੍ਹ: 12.06.2024

ਇਸ ਦਾ ਇਕ ਉਤਾਰਾ ਹੇਠ ਲਿੱਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਡਾਇਰਕੈਟਰ, AIIMS, Bathinda
2. ਸਬੰਧਤ ਸਿਵਲ ਸਰਜਨ;
3. ਸਬੰਧਤ ਸੀਨੀਅਰ ਮੈਡੀਕਲ ਅਫ਼ਸਰ;
4. ਸਬੰਧਤ ਮੈਡੀਕਲ ਅਫ਼ਸਰ

ਸੁਪਰਡੰਟ